**ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ**
**ਇਮਾਰਤਾਂ ਤੇ ਸੜਕਾਂ-1 ਸ਼ਾਖਾ)**

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 04.04.2025 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਵਿੱਚ ਕੰਮ ਕਰਦੇ ਹੇਠ ਦਰਸਾਏ ਨਿਗਰਾਨ ਇੰਜੀਨੀਅਰ (ਸਿਵਲ) ਨੂੰ ਬਤੌਰ ਮੁੱਖ ਇੰਜੀਨੀਅਰ (ਸਿਵਲ) ਤਨਖਾਹ ਸਕੇਲ The Punjab Civil Services (Revised Pay) Rules, 2022 ਵਿੱਚ ਦਰਸਾਏ Schedule ਦੇ ਲੈਵਲ-31 (1,48,800-2,18,600 ਰੁਪਏ) ਵਿੱਚ ਹੇਠ ਅਨੁਸਾਰ ਪਦ-ਉੱਨਤ ਕੀਤਾ ਜਾਂਦਾ ਹੈ:-

| ਲੜੀ ਨੰ. | ਨਾਮ (ਸਰਵ ਸ੍ਰੀ) | ਸੀਨੀਆਰਤਾ ਨੰ. | ਵਿਸ਼ੇਸ਼ ਕਥਨ |
|---|---|---|---|
| 1. | ਰਾਕੇਸ਼ ਗਰਗ | 20 | ਜਨਰਲ ਵਰਗ ਦੀ ਅਸਾਮੀ ਵਿਰੁੱਧ |

2. ਇਹ ਪਦ-ਉੱਨਤੀ ਹੇਠ ਲਿਖੀਆਂ ਸ਼ਰਤਾਂ ਤੇ ਹੋਵੇਗੀ:-

I. ਇਹ ਪਦ-ਉੱਨਤੀ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਤੇ ਹੋਵੇਗੀ।

II. ਇਹ ਪਦ-ਉੱਨਤੀ ਮਾਨਯੋਗ ਸੁਪਰੀਮ ਕੋਰਟ ਵਿੱਚ 85ਵੀਂ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਲੰਬਿਤ ਰਿੱਟ ਪਟੀਸ਼ਨਾਂ ਦੇ ਅੰਤਿਮ ਫੈਸਲੇ ਦੀ ਸ਼ਰਤ ਤੇ ਮੁੜ ਵਿਚਾਰਨ ਯੋਗ ਹੋਵੇਗੀ।

III. ਜੇਕਰ ਅਧਿਕਾਰੀ ਪਦ-ਉੱਨਤੀ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸਨੂੰ ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ ਨਿਯਮ 1994 ਦੇ ਰੂਲ 18(2) ਅਧੀਨ 2 ਸਾਲ ਲਈ ਡੀਬਾਰ ਕੀਤਾ ਜਾਵੇਗਾ।

IV. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਕੋਈ ਨਵੇਂ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਕਤ ਪਦ-ਉੱਨਤੀ ਨੂੰ ਮੁੜ ਵਿਚਾਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ ਅਤੇ ਬਿਨਾ ਕਿਸੇ ਨੋਟਿਸ ਤੋਂ ਸਬੰਧਤ ਅਧਿਕਾਰੀ ਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

3. ਕਿਸੇ ਵੀ ਕਾਰਨ ਕਰਕੇ ਆਸਾਮੀ ਖਾਲੀ ਨਾ ਹੋਣ ਦੀ ਸੂਰਤ ਵਿੱਚ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਪਿਛਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

4. ਭਲਾਈ ਵਿਭਾਗ ਵਲੋਂ ਮਿਤੀ 10.07.1995 ਅਤੇ ਮਿਤੀ 13.01.2017 ਨੂੰ ਜਾਰੀ ਹਦਾਇਤਾਂ ਵਿਚ ਕੀਤੇ ਉਪਬੰਧਾਂ ਅਨੁਸਾਰ ਇਸ ਕਾਡਰ ਵਿਚ ਰਾਖਵੇਂ ਵਰਗ ਦੀ ਪ੍ਰਤੀਸ਼ਤਤਾ ਪੂਰੀ ਹੋਣ ਕਾਰਨ ਰੋਸਟਰ ਰਜਿਸਟਰ ਬੰਦ ਹੋ ਚੁੱਕਾ ਹੈ, ਇਸ ਲਈ ਇਹ ਪਦ-ਉੱਨਤੀ ਕੈਟਾਗਰੀ-ਵਾਈਜ਼ ਕੀਤੀ ਗਈ ਹੈ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

ਚਲਦਾ ਪੰਨਾ.....

6. ਇਹ ਹੁਕਮ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**
**23.05.2025**

**ਰਵੀ ਭਗਤ, ਆਈ.ਏ.ਐਸ**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਪਿਠ.ਅੰ.ਨੰ.: 02/01/2025-ਇਸ1(1)/** ੨੩੦-੨੩੬ **ਮਿਤੀ, ਚੰਡੀਗੜ੍ਹ,** ੨੪/੦੫/੨੦੨੫

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਕੱਤਰ/ ਮੁੱਖ ਮੰਤਰੀ, ਪੰਜਾਬ;
2) ਨਿੱਜੀ ਸਕੱਤਰ/ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ;
3) ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
4) ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;
5) ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ;
6) ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਐਸ.ਸੀ.ਓ. ਨੰ. 61-32, ਫੇਜ਼-2, ਐਸ.ਏ.ਐਸ ਨਗਰ ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰਨ ਹਿੱਤ;
7) ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜੀਨੀਅਰ (ਹੈ.ਕੁ.), ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ।

**(ਰਮਨ ਕੁਮਾਰ ਕੋਛੜ)** 28/5
**ਸੁਪਰਡੰਟ**

ਅੰਦਰੂਨੀ ਵੰਡ:-

1. ਨਿੱਜੀ ਸਕੱਤਰ/ ਲੋਕ ਨਿਰਮਾਣ ਮੰਤਰੀ ਜੀ
2. ਨਿ.ਸ./ ਸਕੱਤਰ, ਲੋਕ ਨਿਰਮਾਣ
3. ਨਿ.ਸ./ ਵਿਸ਼ੇਸ਼ ਸਕੱਤਰ, ਲੋਕ ਨਿਰਮਾਣ
4. ਨਿ.ਸ./ ਸੰਯੁਕਤ ਸਕੱਤਰ, ਲੋਕ ਨਿਰਮਾਣ
5. ਸ.ਸ.ਸ./ ਅਧੀਨ ਸਕੱਤਰ, ਲੋਕ ਨਿਰਮਾਣ
6. ਸਟੈਨੋ, ਇਮਾਰਤਾਂ ਤੇ ਸੜ੍ਹਕਾਂ-1 ਅਤੇ 3 ਸ਼ਾਖਾ।